ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8, ਮੋਹਾਲੀ,
ਈ-ਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
ਪੰਜਾਬ।

ਮੀਮੋ ਨੰ.: e-file-786675/SCERT/Assistant Director (SDP)/23।

ਮਿਤੀ-ਐਸ.ਏ.ਐਸ. ਨਗਰ: 09/06/2025

**ਵਿਸ਼ਾ:** National Awards for Innovation and Good Practices in Educational Administration for District and Block Level Education Officers (2024-2025)ਲਈ ਅਰਜੀਆਂ ਭੇਜਣ ਸੰਬੰਧੀ।

ਹਵਾਲਾ: NIEPA , New Delhi ਤੋਂ ਪ੍ਰਾਪਤ ਪੱਤਰ, ਪੱਤਰ ਨੰ: F.No. 134/DEA/Scheme of Awards/NIEPA/2024-25, ਮਿਤੀ : 20 ਮਈ, 2025 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ National Institute of Educational Planning and Administration (NIEPA) ਵੱਲੋਂ ਸਾਲ 2024-2025 ਅਧੀਨ National Awards for Innovation and Good Practices in Educational Administration ਤਹਿਤ ਜਿਲ੍ਹਾ ਅਤੇ ਬਲਾਕ ਪੱਧਰ ਦੇ ਸਿੱਖਿਆ ਅਧਿਕਾਰੀਆਂ ਤੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ।

2.0 ਇਸ ਅਵਾਰਡ ਲਈ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ), ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਪਲਾਈ ਕਰ ਸਕਦੇ ਹਨ।

3.0 ਯੋਗ ਅਧਿਕਾਰੀਆਂ ਵੱਲੋਂ ਆਪਣੀਆਂ ਅਰਜੀਆਂ **(ਹਰ ਪੱਖੋਂ ਮੁਕੰਮਲ) ਵਿਭਾਗ ਨੂੰ ਪ੍ਰੋਪਰ ਚੈਨਲ** ਦੁਆਰਾ ਮੁੱਖ ਦਫ਼ਤਰ ਦੀ ਈ-ਮੇਲ ID e-mail : directorscert@punjabeducation.gov.in 'ਤੇ ਭੇਜੀਆਂ ਜਾਣ ਅਤੇ ਇਸ ਦੀ ਇੱਕ ਕਾਪੀ e-mail : scertsdp@punjabeducation.gov.in ਤੇ ਵੀ ਭੇਜੀ ਜਾਵੇ। ਸਿੱਧੇ ਤੌਰ ਤੇ ਭੇਜੇ ਗਏ ਜਾਂ ਅਧੂਰੇ ਕੇਸ ਸਵੀਕਾਰ ਨਹੀਂ ਕੀਤੇ ਜਾਣਗੇ।

4.0 **ਅਰਜੀਆਂ ਸਮੇਤ ਦੋ ਪਾਸਪੋਰਟ ਸਾਈਜ਼ ਫੋਟੋਆਂ ਦੀ ਹਾਰਡ ਕਾਪੀ** ਵੀ ਇਸ ਦਫ਼ਤਰ ਵਿਖੇ ਭੇਜਣੀ ਯਕੀਨੀ ਬਣਾਈ ਜਾਵੇ।

5.0 ਮੁੱਖ ਦਫ਼ਤਰ ਵੱਲੋਂ ਪ੍ਰਾਪਤ ਅਰਜੀਆਂ ਨੂੰ ਨਿਰਧਾਰਿਤ ਪ੍ਰਕਿਰਿਆ ਤਹਿਤ ਰੀਵਿਊ ਕਰਨ ਉਪਰੰਤ ਨਿਸ਼ਚਿਤ ਗਿਣਤੀ ਅਨੁਸਾਰ ਜ਼ਿਲ੍ਹਾ ਅਤੇ ਬਲਾਕ ਪੱਧਰ ਦੇ ਅਧਿਕਾਰੀਆਂ ਨੂੰ ਨਾਮਜ਼ਦ ਕਰਕੇ, ਉਹਨਾਂ ਦੀਆਂ ਅਰਜੀਆਂ NIEPA ਨੂੰ ਭੇਜੀਆਂ ਜਾਣਗੀਆਂ।

6.0 ਇਹਨਾਂ ਇਨਾਮਾਂ ਲਈ ਇੱਛੁਕ ਅਧਿਕਾਰੀਆਂ ਵੱਲੋਂ ਆਪਣੀਆਂ ਅਰਜੀਆਂ **ਪ੍ਰੋਪਰ ਚੈਨਲ ਰਾਹੀਂ** ਮੁੱਖ ਦਫ਼ਤਰ ਵਿਖੇ ਮਿਤੀ 15 ਜੂਨ, 2025 ਤੱਕ ਪੁੱਜਦੀਆਂ ਕੀਤੀਆਂ ਜਾਣ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਅਰਜੀਆਂ ਦਫ਼ਤਰ ਵੱਲੋਂ ਵਿਚਾਰੀਆਂ ਨਹੀਂ ਜਾਣਗੀਆਂ।

7.0 ਇੱਛੁਕ ਅਧਿਕਾਰੀਆਂ ਦੁਆਰਾ ਆਪਣੀਆਂ ਅਰਜੀਆਂ ਨਿਰਧਾਰਿਤ ਫਾਰਮੈਟ ਵਿੱਚ (ਨਾਲ ਨੱਥੀ ਦਿਸ਼ਾ-ਨਿਰਦੇਸ਼ਾ ਅਨੁਲੱਗ 1,2,3 ਅਨੁਸਾਰ) ਹੀ ਭਰ ਕੇ ਇਸ ਦਫਤਰ ਨੂੰ ਭੇਜੀਆਂ ਜਾਣ। ਅਤੇ ਇਸ ਦੇ ਨਾਲ ਉਹਨਾਂ ਦੁਆਰਾ ਨਿਯਮਾਂ ਅਨੁਸਾਰ Write-Up ਅਤੇ ਪੇਸ਼ਕਾਰੀ ਪੀ.ਪੀ.ਟੀ. (ਹਾਰਡ ਅਤੇ ਸਾਫਟ ਕਾਪੀ) ਦੇ ਰੂਪ ਵਿੱਚ ਵੀ ਭੇਜੀ ਜਾਵੇਗੀ।

Scanned with CamSca

8.0 ਹੋਰ ਵਧੇਰੇ ਜਾਣਕਾਰੀ ਲਈ ਭਾਗੀਦਾਰਾਂ ਵੱਲੋਂ ਅਰਜੀਆਂ ਭੇਜਣ ਤੋਂ ਪਹਿਲਾਂ ਪੱਤਰ ਨਾਲ ਨੱਥੀ ਕੀਤੀ ਦਿਸ਼ਾ-ਨਿਰਦੇਸ਼ਾ ਦੀ ਕਾਪੀ ਚੰਗੀ ਤਰ੍ਹਾਂ ਪੜ੍ਹ ਲਈ ਜਾਵੇ ਅਤੇ ਇਸ ਸੰਬੰਧੀ ਜਾਣਕਾਰੀ NIEPA ਦੀ ਵੈੱਬਸਾਈਟ ਦੇ ਲਿੰਕ niepa@ac.in ਤੋਂ ਵੀ ਲਈ ਜਾ ਸਕਦੀ ਹੈ।

ਕਿਰਨ ਸ਼ਰਮਾ (ਪੀ.ਸੀ.ਐਸ.)
ਡਾਇਰੈਕਟਰ, ਐੱਸ.ਸੀ.ਈ.ਆਰ.ਟੀ., ਪੰਜਾਬ।

ਪਿੱਠ ਅੰਕਣ ਨੰ.- ਉਕਤ

ਮਿਤੀ-ਐਸ.ਏ.ਐਸ. ਨਗਰ: 09/06/2025

ਉਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ. ਟੂ ਡੀ.ਜੀ.ਐਸ.ਈ. ਸਕੂਲ ਸਿੱਖਿਆ, ਪੰਜਾਬ।
4. ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
5. ਪੀ.ਏ.ਟੂ ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਸੈ.ਸਿੱ/ਐ.ਸਿੱ.), ਪੰਜਾਬ।

ਡਾ. ਬੂਟਾ ਸਿੰਘ ਸੇਖੋਂ
ਸਹਾਇਕ ਡਾਇਰੈਕਟਰ (ਸ.ਡ.ਪ.)
ਐਸ.ਸੀ.ਈ.ਆਰ.ਟੀ., ਪੰਜਾਬ।

Scanned with CamSca